**ਆਕਾਸ਼ਵਾਣੀ ਜਲੰਧਰ**

**ਪ੍ਰਦੇਸ਼ਿਕ ਖਬਰਾਂ ਪੰਜਾਬੀ**

**13:10 Pm**

**ਮਿਤੀ: 13-07-2024**

ਜਲੰਧਰ ਪੱਛਮੀ ਰਾਖਵੇਂ ਹਲਕੇ ਦੀ ਜ਼ਿਮਨੀ ਚੋਣ, ਆਮ ਆਦਮੀ ਪਾਰਟੀ ਨੇ ਜਿੱਤ ਲਈ ਏ। ਅੱਜ ਹੋਈ ਵੋਟਾਂ ਦੀ ਗਿਣਤੀ ਵਿਚ ਪਾਰਟੀ ਦੇ ਉਮੀਦਵਾਰ ਮੋਹਿੰਦਰ ਭਗਤ ਨੇ, 37 ਹਜ਼ਾਰ 325 ਵੋਟਾਂ ਦੇ ਫਰਕ ਨਾਲ ਇਹ ਜਿੱਤ ਹਾਸਲ ਕੀਤੀ । ਸਵੇਰੇ 8 ਵਜੇ ਗਿਣਤੀ ਸ਼ੁਰੂ ਹੋਣ ਤੋਂ ਬਾਅਦ, ਹਰ ਗੇੜ ਵਿਚ ਮੋਹਿੰਦਰ ਭਗਤ ਨੇ ਆਪਣੀ ਲੀਡ ਬਣਾਈ ਰੱਖੀ। ਇਸ ਜ਼ਿਮਨੀ ਚੋਣ ਲਈ ਵੋਟਾਂ 10 ਜੁਲਾਈ ਨੂੰ ਪਾਈਆਂ ਗਈਆਂ ਸਨ। ਭਰਤੀ ਜਨਤਾ ਪਾਰਟੀ ਦੇ ਸ਼ੀਤਲ ਅੰਗੂਰਾਲ 17 ਹਜ਼ਾਰ 921 ਵੋਟਾਂ ਨਾਲ ਦੂਜੇ ਅਤੇ ਕਾਂਗਰਸ ਦੇ ਸੁਰਿੰਦਰ ਕੌਰ 16 ਹਜ਼ਾਰ 757 ਵੋਟਾਂ ਨਾਲ ਤੀਜੇ ਸਥਾਨ ਤੇ ਰਹੇ। ਜਿੱਤ ਹਾਸਲ ਕਰਨ ਮਗਰੋਂ, ਆਮ ਆਦਮੀ ਪਾਰਟੀ ਦੇ ਵਰਕਰ ਖੂਬ ਜਸ਼ਨ ਮਨਾ ਰਹੇ ਨੇ।

---------------------------------------------------

ਸੂਬੇ ਦੇ ਨੌਜਵਾਨਾਂ ਨੂੰ ਏਰੀਅਲ ਸਿਨੇਮੈਟੋਗ੍ਰਾਫੀ, ਫੋਟੋਗ੍ਰਾਫੀ, ਮੈਪਿੰਗ, ਨਿਗਰਾਨੀ ਅਤੇ ਖੇਤੀਬਾੜੀ ਸਮੇਤ ਵੱਖ-ਵੱਖ ਖੇਤਰਾਂ ਵਿੱਚ ਰੋਜ਼ਗਾਰ ਦੇ ਨਵੇਂ ਮੌਕੇ ਪ੍ਰਦਾਨ ਕਰਨ ਦੇ ਉਦੇਸ਼ ਨਾਲ, ਪੰਜਾਬ ਸਰਕਾਰ ਨੇ ਉੱਭਰ ਰਹੀਆਂ ਡਰੋਨ ਤਕਨੀਕਾਂ ਦੀ ਸਿਖਲਾਈ ਦੇਣ ਲਈ ਆਈ.ਆਈ.ਟੀ. ਰੋਪੜ ਨਾਲ ਇਕ ਸਮਝੌਤਾ ਸਹੀਬੱਧ ਕੀਤਾ ਏ । ਰੋਜ਼ਗਾਰ ਉੱਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਮੰਤਰੀ ਅਮਨ ਅਰੋੜਾ ਦੀ ਮੌਜੂਦਗੀ ਵਿੱਚ ਸੀ-ਪਾਈਟ ਦੇ ਡਾਇਰੈਕਟਰ ਜਨਰਲ- ਮੇਜਰ ਜਨਰਲ ਰਾਮਬੀਰ ਮਾਨ ਅਤੇ ਆਈ.ਆਈ.ਟੀ. ਦੇ ਡਾਇਰੈਕਟਰ ਪ੍ਰੋ. ਰਾਜੀਵ ਆਹੂਜਾ ਨੇ ਇਸ ਸਮਝੌਤੇ ਤੇ ਦਸਤਖ਼ਤ ਕੀਤੇ । ਅਮਨ ਅਰੋੜਾ ਨੇ ਦੱਸਿਆ ਕਿ ਇਹ ਸਮਝੌਤਾ ਤੇਜ਼ੀ ਨਾਲ ਵਿਕਸਤ ਹੋ ਰਹੇ ਡਰੋਨ ਈਕੋ-ਸਿਸਟਮ ਵਿੱਚ ਸਥਾਨਕ ਡਰੋਨ ਪਾਇਲਟਾਂ ਦੀ ਵੱਧਦੀ ਮੰਗ ਦੀ ਪੂਰਤੀ ਕਰਨ ਦੇ ਨਾਲ ਨਾਲ, ਖੇਤੀਬਾੜੀ, ਮੈਪਿੰਗ, ਆਫ਼ਤ ਪ੍ਰਬੰਧਨ, ਜੰਗਲੀ ਜੀਵ ਰੱਖਿਆ

ਅਤੇ ਸਿਹਤ ਸੰਭਾਲ ਵਰਗੇ ਵੱਖ-ਵੱਖ ਖੇਤਰਾਂ ਲਈ ਡਰੋਨ-ਆਧਾਰਿਤ ਸਿਖਲਾਈ, ਖੋਜ, ਵਿਕਾਸ ਅਤੇ ਨਿਰਮਾਣ ਨੂੰ ਮਜ਼ਬੂਤ ਕਰੇਗਾ।

-------------------------------------------------------

NEET UG ਪੇਪਰ ਲੀਕ ਮਾਮਲੇ ਦੀ ਕੇਂਦਰੀ ਜਾਂਚ ਬਿਊਰੋ ਵਲੋਂ ਜਾਂਚ ਅਤੇ ਸਰਵਉੱਚ ਅਦਾਲਤ ਵਲੋਂ ਸੁਣਵਾਈ ਕੀਤੇ ਜਾਣ 'ਤੇ ਲੋਕ ਕਾਫੀ ਸੰਤੁਸ਼ਟ ਨੇ। ਤਰਨਤਾਰਨ ਤੋਂ ਮੈਡੀਕਲ ਦੇ ਵਿਦਿਆਰਥੀ ਜਤਿਨ ਕੁਮਾਰ ਅਤੇ ਮੋਗਾ ਤੋਂ ਲੈਕਚਰਰ ਬਲਜੀਤ ਕੌਰ, ਇਸ ਮਾਮਲੇ ਵਿਚ, ਹੁਣ ਤਕ ਹੋਈ ਕਾਰਵਾਈ 'ਤੇ ਤੱਸਲੀ ਜਾਹਰ ਕਰਦੇ ਨੇ।

-------------------------------------------------------

ਪੰਜਾਬ ਪੁਲਿਸ ਦੇ DGP ਗੌਰਵ ਯਾਦਵ ਨੇ ਪੰਜਾਬ ਪੁਲਿਸ ਹੈੱਡ-ਕੁਆਰਟਰ ਚੰਡੀਗੜ੍ਹ ਵਿਖੇ ਕੱਲ ਬੌਟਲ ਪਾਮ ਦਾ ਬੂਟਾ ਲਗਾ ਕੇ "ਆਓ ਰੁਖ ਲਗਾਈਏ, ਧਰਤੀ ਮਾਂ ਨੂੰ ਬਚਾਈਏ" ਦੇ ਨਾਅਰੇ ਅਧੀਨ ਸੂਬਾ ਪੱਧਰੀ ਬੂਟੇ ਲਗਾਉਣ ਦੀ ਮੁਹਿੰਮ ਦੀ ਸ਼ੁਰੂਆਤ ਕੀਤੀ। ਇਸ ਪਹਿਲਕਦਮੀ ਨੂੰ ਗਲੋਬਲ ਵਾਰਮਿੰਗ ਨਾਲ ਲੜਨ ਲਈ, ਵਾਤਾਵਰਨ ਪੱਖੀ ਪਹੁੰਚ ਦੱਸਦਿਆਂ ਗੌਰਵ ਯਾਦਵ ਨੇ ਕਿਹਾ ਕਿ ਪੰਜਾਬ ਪੁਲਿਸ ਵੱਲੋਂ

ਸ਼ੁਰੂ ਇਸ ਮੁਹਿੰਮ ਤਹਿਤ ਸਾਰੇ ਪੁਲਿਸ ਜ਼ਿਲ੍ਹਿਆਂ ਤੇ ਯੂਨਿਟਾਂ ਵਿੱਚ ਬੌਟਲ ਪਾਮ, ਮਲਸਰੀ, ਅਮਲਤਾਸ, ਟੀਕ ਤੇ ਟਰਮੀਨਲੀਆ ਅਰਜਨ ਸਮੇਤ ਵੱਖ-ਵੱਖ ਕਿਸਮਾਂ ਦੇ ਹਜ਼ਾਰਾਂ ਬੂਟੇ ਲਗਾਏ ਜਾਣਗੇ। DGP ਨੇ ਪੰਜਾਬ ਦੇ ਲੋਕਾਂ ਨੂੰ ਅੱਗੇ ਆਉਣ ਅਤੇ ਬੂਟੇ ਲਗਾਉਣ ਦੀ ਇਸ ਮੁਹਿੰਮ ਨੂੰ ਜਨਤਕ ਲਹਿਰ ਵਿੱਚ ਬਦਲਣ ਲਈ, ਪੁਲਿਸ ਦੇ ਇਸ ਉਪਰਾਲੇ ਵਿੱਚ ਵੱਧ ਤੋਂ ਵੱਧ ਯੋਗਦਾਨ ਪਾਉਣ ਦੀ ਅਪੀਲ ਕੀਤੀ ਏ।

------------------------------------------------------------

ਪਠਾਨਕੋਟ ਜ਼ਿਲੇ ਦੇ ਸੁਜਾਨਪੁਰ ਵਿਚ ਬਾਗਵਾਨੀ ਵਿਭਾਗ ਨੇ ਲੀਚੀ ਅਸਟੇਟ ਵਿਖੇ ਬੀਕੀਪਿੰਗ, ਸਬਜੀ ਸਰੋਅਰ ਅਤੇ ਲੀਚੀ ਉਤਪਾਦਕਾਂ ਨਾਲ ਇਕ ਸੈਮੀਨਾਰ ਕੀਤਾ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਤੋ ਬਿਜਨਸ ਮੈਨਜਮੈਂਟ ਖੁਸ਼ਦੀਪ ਧਰਨੀ ਇਸ ਵਿਚ ਵਿਸ਼ੇਸ ਤੌਰ ਤੇ ਪਹੁੰਚੇ। ਉਨਾਂ ਬਾਗਵਾਨਾਂ ਨੂੰ ਮੰਡੀਕਰਨ ਲਈ ਗਰੇਡਿੰਗ, ਪੈਕਿੰਗ ਅਤੇ ਐਫ.ਪੀ ਓ ਬਨਾਉਣ ਸਬੰਧੀ ਵਿਸ਼ੇਸ ਜਾਣਕਾਰੀ ਦਿੱਤੀ। ਜ਼ਿਲੇ ਦੇ ਮੁੱਖ ਖੇਤਬਾੜੀ ਅਫਸਰ ਹਰਮਿੰਦਰ ਸਿੰਘ ਗਿੱਲ ਨੇ ਜਿਮੀਦਾਰਾਂ ਨੂੰ ਬੀ ਕੀਪਿੰਗ ਦੀ ਜਾਣਕਾਰੀ ਦਿੱਤੀ ਅਤੇ ਇਸ ਨੂੰ ਵੱਧ ਤੋ

ਵੱਧ ਅਪਣਾ ਕੇ ਫਾਇਦਾ ਲੈਣ ਦੀ ਅਪੀਲ ਕੀਤੀ। ਬੈਂਕ ਆਫ ਇੰਡੀਆ ਦੇ ਬਰਾਂਚ ਮੈਨੇਜਰ ਅਨਿਲ ਅੱਤਰੀ ਨੇ ਬਾਗਵਾਨੀ ਕਿੱਤੇ ਨਾਲ ਜੁੜੀਆਂ ਸਕੀਮਾਂ ਬਾਰੇ ਵਿਸ਼ੇਸ ਤੌਰ ਤੇ ਚਾਨਣਾ ਪਾਇਆ।

---------------------------------------------------------------

ਆਰਮੀ ਇੰਟਰ ਕਮਾਂਡ ਹਾਕੀ ਚੈਂਪੀਅਨਸ਼ਿਪ 2024-25 ਪੱਛਮੀ ਕਮਾਂਡ ਦੀ ਟੀਮ ਨੇ ਜਿੱਤ ਲਈ ਏ। ਵਜਰਾ ਐਸਟ੍ਰੋਟਰਫ ਹਾਕੀ ਸਟੇਡੀਅਮ ਜਲੰਧਰ ਛਾਉਣੀ ਵਿਖੇ ਕਲ ਰਾਤ ਖੇਡੇ ਗਏ ਫਾਈਨਲ ਵਿਚ ਵੈਸਟਰਨ ਕਮਾਂਡ ਨੇ ਦੱਖਣੀ ਕਮਾਂਡ ਨੂੰ ਹਰਾਇਆ। ਪੱਛਮੀ ਕਮਾਂਡ ਦੇ GOC-ਇਨ-ਸੀ ਲੈਫਟੀਨੈਂਟ ਜਨਰਲ ਮਨੋਜ ਕੁਮਾਰ ਕਟਿਆਰ ਨੇ ਜੇਤੂਆਂ ਨੂੰ ਇਨਾਮ ਵੰਡੇ ਅਤੇ ਸਾਰੀਆਂ ਟੀਮਾਂ ਨੂੰ ਉਨ੍ਹਾਂ ਦੇ ਸ਼ਾਨਦਾਰ ਪ੍ਰਦਰਸ਼ਨ ਤੇ ਅਦੁੱਤੀ ਮੁਕਾਬਲੇ ਦੀ ਭਾਵਨਾ ਲਈ ਵਧਾਈ ਦਿੱਤੀ। ਆਰਮੀ ਸਪੋਰਟਸ ਕੰਟਰੋਲ ਬੋਰਡ ਵਲੋਂ, ਕਰਵਾਈ ਜਾਂਦੀ ਇਸ ਚੈਂਪੀਅਨਸ਼ਿਪ ਦਾ ਉਦਘਾਟਨ ਵਜਰਾ ਕੋਰ ਦੇ GOC ਲੈਫਟੀਨੈਂਟ ਜਨਰਲ ਅਜੈ ਚਾਂਦਪੁਰੀਆ ਨੇ, ਬੀਤੀ 7 ਜੁਲਾਈ ਨੂੰ ਕੀਤਾ ਸੀ। ਇਹ ਚੈਂਪੀਅਨਸ਼ਿਪ ਖੇਡ ਪ੍ਰਤਿਭਾ ਨੂੰ ਉਤਸ਼ਾਹਿਤ ਕਰਨ ਅਤੇ ਖੇਡਾਂ ਵਿੱਚ

ਉੱਤਮਤਾ ਦੀ ਰਵਾਇਤ ਕਾਇਮ ਰੱਖਣ ਲਈ ਭਾਰਤੀ ਸੈਨਾ ਦੀ ਵਚਨਬੱਧਤਾ ਨੂੰ ਦਰਸਾਉਂਦੀ ਏ । ਸਾਬਕਾ ਓਲੰਪੀਅਨ ਸੇਵਾਮੁਕਤ, ਲੈਫਟੀਨੈਂਟ ਕਰਨਲ ਆਰ.ਐਸ. ਕੁਲਾਰ, ਗੁਰਦੀਪ ਕੁਮਾਰ ਅਤੇ ਅਰਜੁਨ ਐਵਾਰਡੀ ਸੇਵਾਮੁਕਤ ਕਰਨਲ ਬਲਬੀਰ ਸਿੰਘ ਨੇ ਵੀ ਇਸ ਮੈਚ ਦਾ ਆਨੰਦ ਮਾਣਿਆ ।